ਫ਼ੌਰਨ ਜਾਰੀ ਕਰਨ ਲਈ

ਵਿਸ਼ਵ ਸਿੱਖ ਸੰਸਥਾ (WSO) ਦੀ ਦੋ–ਸਾਲਾ ਕਨਵੈਨਸ਼ਨ ‘ਤੇ ਨਵੇਂ ਸੇਵਾਦਾਰਾਂ ਦਾ ਐਲਾਨ

ਔਟਾਵਾ – (੧੫ ਦਸੰਬਰ ੨੦੦੯) ਵਿਸ਼ਵ ਸਿੱਖ ਸੰਸਥਾ ਦੀ ਦੋ–ਸਾਲਾ ਕਨਵੈਨਸ਼ਨ, ਸਨਿੱਚਰਵਾਰ, ੧੪ ਦਸੰਬਰ ਨੂੰ, ਸੱਰੀ, ਬ੍ਰਿਟਿਸ਼ ਕੋਲੰਬੀਆ ਵਿਚ ਹੋਈ। ਸਾਰੇ ਕੈਨੇਡਾ ਵਿਚੋਂ, ਵਿਸ਼ਵ ਸਿੱਖ ਸੰਸਥਾ (WSO) ਦੇ ਮੈਂਬਰਾਂ ਨੇ ਇਸ ਕਨਵੈਨਸ਼ਨ ਵਿਚ ਸ਼ਾਮਲ ਹੋ ਕੇ ਹੁਣ ਤਕ ਦੀਆਂ ਪ੍ਰਾਪਤੀਆਂ ਤੇ ਝਾਤੀ ਮਾਰਦੇ ਹੋਏ ਭਵਿੱਖ ਲਈ ਰਾਹ ਉਲੀਕਿਆ। ਕਨਵੈਨਸ਼ਨ ਦੇ ਅਖੀਰ ਵਿਚ, ਆਉਂਦੇ ਦੋ ਸਾਲਾਂ (੨੦੧੪–੨੦੧੫) ਲਈ, ਪ੍ਰਬੰਧਕ ਕਮੇਟੀ ਲਈ ਸੇਵਾਦਾਰਾਂ ਦੀ ਚੋਣ ਕੀਤੀ ਗਈ। ਡ: ਅਮ੍ਰਿੰਤਪਾਲ ਸਿੰਘ ਸ਼ੇਰਗਿਲ, ਸਰਵ–ਸੱਮਤੀ ਨਾਲ ਪ੍ਰਧਾਨ ‘ਤੇ ਸੰਸਥਾ ਦੇ ਮੁਖੀ ਚੁਣੇ ਗਏ। ਹੋਰ ਖੁਸ਼ੀ ਦੀ ਗਲ ਇਹ ਹੈ ਕਿ ਬਹੁਤ ਵੱਡੀ ਗਿਣਤੀ ਵਿਚ, ਕਨੇਡਾ ਦੇ ਜੱਮ–ਪੱਲ ਅਤੇ ਪੜ੍ਹੇ ਲਿਖੇ ਨੌਜਵਾਨ ਪ੍ਰੋਫ਼ੈਸ਼ਨਲ, ਸੰਸਥਾ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਲਈ ਮੈਦਾਨ ‘ਚ ਨਿੱਤਰੇ।

ਡ: ਅਮ੍ਰਿਤਪਾਲ ਸਿੰਘ ਸ਼ੇਰਗਿਲ, ਸੱਰੀ ਵਿਚ ਰਹਿਣ ਵਾਲੇ, ਬ੍ਰਿਟਿਸ਼ ਕੋਲੰਬੀਆ ਦੇ ਬੜੇ ਚੰਗੇ ਜਾਣੇ ਪਛਾਣੇ, ਮਨੋ–ਵਿਗਿਆਨਕ ਹਨ। ਇਨ੍ਹਾਂ ਨੇ ਡਾਕਟਰੀ ਦੀ ਡਿਗਰੀ, ਬ੍ਰਿਟਿਸ਼ ਕੋਲੰਬੀਆ ਦੀ ਯੂਨੀਵਰਸਿਟੀ ਤੋਂ ੧੯੯੭ ਵਿਚ ਹਾਸਲ ਕੀਤੀ ‘ਤੇ ਉਥੇ ਹੀ ਪੜ੍ਹਾਉਣ ਦੀ ਸੇਵਾ ਵੀ ਕੀਤੀ।ਉਹ ਬ੍ਰਿਟਿਸ਼ ਕੋਲੰਬੀਆ ਵਿਚ ਲੈਂਗਲੀ ਦੇ ਕੋਲੰਬੀਆ ਸੇਹਤ ਸੈਂਟਰ ਦੇ ਡਾਇਰੈਕਟਰ ਵੀ ਰਹੇ ‘ਤੇ ਹੋਰ ਕਈ ਬੋਰਡਾਂ ‘ਤੇ ਕਮਿਸ਼ਨਾਂ ਵਿਚ ਵੀ ਸੇਵਾ ਕੀਤੀ ਜਿਵੇਂ ਕਿ: ਕਾਰਫ਼ (ਮੁੜਵਸਾਊ ਸਹੂਲਤਾਂ ਦੀ ਪ੍ਰਮਾਣਤਾ ਲਈ ਕੱਮਿਸ਼ਨ); ਕਰੈਕਸ਼ਨਜ਼ ਕੈਨੇਡਾ ਦੀ ਕੌਮੀ ਪੱਧਰ ਦੀ ਸੱਭਿਆਚਾਰਕ ਸਲਾਹਕਾਰ ਕਮੇਟੀ; ‘ਤੇ ਆਪਸ਼ਨਜ਼ ਭਾਈਚਾਰਕ ਸੇਵਾਵਾਂ ਦੀ ਸੋਸਾਇਟੀ ਦੇ ਮੈਂਬਰ ਹੋਣ ਦੇ ਨਾਤੇ।ਡ: ਸ਼ੇਰਗਿਲ, ਹਮੇਸ਼ਾਂ ਹੀ, ਰੇਡੀਓ ‘ਤੇ ਟੈਲੀਵਿਯਨ ਰਾਹੀਂ, ਦਿਮਾਗ਼ੀ ਸੇਹਤ, ਪਰਿਵਾਰਕ ‘ਤੇ ਸਮਾਜਕ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ।

੨੦੧੪–੨੦੧੫ ਲਈ ਚੁਣੀ ਪ੍ਰਬੰਧਕ ਕਮੇਟੀ ਵਿਚ, ਹੇਠ ਲਿਖੇ ਮੈਂਬਰ ਡ: ਸ਼ੇਰਗਿਲ ਹੋਰਾਂ ਦੇ ਨਾਲ, ਕਾਰਜ ਸਾਧਕ ਸੇਵਾ ਲਈ ਨਿਯੁਕਤ ਕੀਤੇ ਗਏ ਹਨ।

ਸੀਨੀਅਰ ਮੀਤ ਪ੍ਰਧਾਨ – ਕੁਲਮੀਤ ਸਿੰਘ ਸੰਘਾ

ਪ੍ਰਸ਼ਾਸਨ ਡਾਇਰੈਕਟਰ – ਰੁਪਿੰਦਰ ਕੌਰ ਧਾਲੀਵਾਲ

ਆਰਥਕ ਮਸਲਿਆਂ ਦੇ ਡਾਇਰੈਕਟਰ – ਜਗਦੀਪ ਸਿੰਘ ਮਾਨ

ਮੀਤ ਪ੍ਰਧਾਨ–ਬ੍ਰਿਟਿਸ਼ ਕੋਲੰਬੀਆ – ਜਸਬੀਰ ਕੌਰ ਰੰਧਾਵਾ

ਮੀਤ ਪ੍ਰਧਾਨ–ਅਲਬੱਰਟਾ – ਤਜਿੰਦਰ ਸਿੰਘ ਸਿੱਧੂ

ਮੀਤ ਪ੍ਰਧਾਨ–ਸੈਂਟਰਲ ਕਨੇਡਾ – ਮੇਜਰ ਜਸਬੀਰ ਸਿੰਘ

ਮੀਤ ਪ੍ਰਧਾਨ–ਔਂਟੈਰੀਓ – ਪ੍ਰਭਮੀਤ ਸਿੰਘ ਸਰਕਾਰੀਆ

ਮੀਤ ਪ੍ਰਧਾਨ–ਕਯੂਬੱਕ ‘ਤੇ ਐਟਲਾਂਟਕ – ਮੁਖਬੀਰ ਸਿੰਘ

ਵਿਸ਼ਵ ਸਿੱਖ ਸੰਸਥਾ ਦੀ ਕਨਵੈਨਸ਼ਨ ਨੂੰ ਪਹਿਲੀ ਵਾਰ ਸੰਬੋਧਤ ਹੁੰਦਿਆਂ, ਡ: ਸ਼ੇਰਗਿਲ ਹੋਰਾਂ ਨੇ WSO ਦੇ ਮਨੁੱਖੀ ਹੱਕਾਂ ਸਬੰਧਤ ਕੀਤੇ ਕੱਮਾਂ ਦੀ ਅਹਿਮੀਅਤ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਇਹ ਉੱਦਮ, ਕਨੇਡਾ ਦੇ ਸਾਰੇ ਸ਼ਹਿਰੀਆਂ ਦੀਆਂ ਧਾਰਮਕ ਆਜ਼ਾਦੀਆਂ 'ਤੇ ਮਨੁੱਖੀ ਹੱਕਾਂ ਦੀ ਪ੍ਰੌੜਤਾ ਕਰਦੇ ਹਨ।

ਡ: ਸ਼ੇਰਗਿਲ ਹੋਰਾਂ ਨੇ ਕਿਹਾ, "ਮੈਂ ਬਹੁਤ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਵਿਸ਼ਵ ਸਿੱਖ ਸੰਸਥਾ ਦੇ ਮੁਖ ਸੇਵਾਦਾਰ ਦੀ ਸੇਵਾ ਬਖ਼ਸ਼ੀ ਗਈ ਹੈ।ਵਿਸ਼ਵ ਸਿੱਖ ਸੰਸਥਾ ਦਾ ਇਕ ਗੌਰਵਮਈ ਇਤਿਹਾਸ ਹੈ ਜੋ ਕਨੇਡਾ ਦੇ ਸਿੱਖ ਭਾਈਚਾਰੇ ਦੀ ਬੁਲੰਦ ਆਵਾਜ਼ ਹੋਣ ਦੇ ਨਾਲ ਨਾਲ ਮਨੁੱਖੀ ਹੱਕਾਂ ਦੀ ਪ੍ਰੋੜਤਾ ਦੀ ਜੱਦੋ-ਜਹਿਦ ਦੀ ਤਸਵੀਰ ਹੈ। ਮੈਨੂੰ ਫ਼ੱਖਰ ਹੈ ਕਿ ਇਸ ਤਰੱਕੀਸ਼ੀਲ ਸੰਸਥਾ 'ਤੇ ਵੰਡ-ਛਕਣ 'ਚ ਭਰੋਸਾ ਰਖਦੇ ਦਾਨੀ ਨੌਜਵਾਨ ਪ੍ਰੋਫ਼ੈਸ਼ਨਲ ਵਿਆਕਤੀਆਂ ਨਾਲ ਸੇਵਾ ਕਰਨ ਦਾ ਮੌਕਾ ਦਿਤਾ ਗਿਆ ਹੈ। ਪਿਛਲੇ ਤੀਹਾਂ-ਸਾਲਾਂ ਤੋਂ WSO ਨੇ ਇਸ ਮਹਾਨ ਦੇਸ਼ ਦੀ ਉਸਾਰੀ ਲਈ ਸ਼ਲਾਘਾਯੋਗ ਕਮ ਕੀਤਾ ਹੈ। ਪੱਛੋਕੜ ਤੋਂ ਪ੍ਰੇਰਨਾ ਲੈਂਦੇ ਹੋਏ, ਅਸੀਂ ਉਸ ਭਵਿਖ ਦੀ ਰੂਪ-ਰੇਖਾ ਦੇਖ ਸਕਦੇ ਹਾਂ ਜਿਸ ਵਿਚ ਸਾਰਿਆਂ ਲਈ ਸੰਪੂਰਨ ਆਜ਼ਾਦੀ 'ਤੇ ਬਰਾਬਰਤਾ ਦਾ ਬੋਲਬਾਲਾ ਹੋਵੇ। ਮੈਨੂੰ ਭਰੋਸਾ ਹੈ ਕਿ ਸਾਰਿਆਂ ਦੇ ਸਹਿਯੋਗ ਨਾਲ, ਅਸੀਂ ਉਸ ਨਿਸ਼ਾਨੇ ਦੀ ਪ੍ਰਾਪਤੀ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਿਚ ਕਾਮਯਾਬ ਹੋਵਾਂਗੇ"।

ਵਿਸ਼ਵ ਸਿੱਖ ਸੰਸਥਾ (ਯਸ਼ੌ) ਇਕ ਨਾਂ-ਮੁਨਾਫ਼ਾ ਸੰਸਥਾ ਹੈ ਜੋ ਕਨੇਡਾ ਦੇ ਸਿੱਖਾਂ ਦੇ ਹਿਤਾਂ ਨੂੰ ਮਹਿਫ਼ੂਜ਼ ਰਖਣ 'ਤੇ ਇਨ੍ਹਾਂ ਦੀ ਪ੍ਰੌੜਤਾ ਦੇ ਨਾਲ ਨਾਲ ਸਾਰੇ ਹੀ ਸ਼ਹਿਰੀਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਯਤਨਸ਼ੀਲ ਹੈ ਭਾਂਵੇਂ ਉਹ ਕਿਸੇ ਵੀ ਨਸਲ, ਧਰਮ, ਲਿੰਗ, ਸੱਭਿਆਚਾਰ, ਸਮਾਜਕ ਜਾਂ ਆਰਥਕ ਪੱਧਰ ਨਾਲ ਸਬੰਧ ਰਖਦੇ ਹੋਣ।